# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਰਜਿਸਟਰਡ

ਨੰ. 7965 /ਕਾਲਜਾਂ/ਸ-4,6
ਮਿਤੀ 5/6/23

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ
(ਜਿਨ੍ਹਾਂ ਕਾਲਜਾਂ ਵਿਖੇ ਐਗਰੀਕਲਚਰ ਨਾਲ ਸਬੰਧਤ ਕੋਰਸ ਚੱਲ ਰਹੇ ਹਨ)
ਦੇ ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ।

ਵਿਸ਼ਾ: ਸੈਸ਼ਨ 2023-24 ਦੌਰਾਨ ਐਗਰੀਕਲਚਰ ਨਾਲ ਸਬੰਧਤ ਡਿਪਲੋਮਾ/ਡਿਗਰੀ/ਪੋਸਟ ਗ੍ਰੈਜੂਏਟ ਕੋਰਸਾਂ ਵਿਚ ਦਾਖਲਿਆਂ ਸਬੰਧੀ।

ਉਕਤ ਵਿਸ਼ੇ ਸਬੰਧੀ ਡੀਨ, ਕਾਲਜ ਵਿਕਾਸ ਕੌਂਸਲ ਵਲੋਂ ਹੋਏ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2023-24 ਦੌਰਾਨ ਐਗਰੀਕਲਚਰ ਕੋਰਸਾਂ ਦੇ ਐਂਟਰੀ ਪੁਆਇੰਟ ਦੇ ਦਾਖਲੇ ਕਰਨ ਤੋਂ ਪਹਿਲਾਂ ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰ ਐਜੂਕੇਸ਼ਨ ਦੀਆਂ ਹਦਾਇਤਾਂ/ਸ਼ਰਤਾਂ ਦੀ ਪੂਰਤੀ ਕਰਕੇ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਕਰਕੇ ਦਫਤਰ ਨੂੰ ਸੂਚਿਤ ਕੀਤਾ ਜਾਵੇ। ਇਸ ਉਪਰੰਤ ਹੀ ਸੈਸ਼ਨ 2023-24 ਦੇ (ਐਗਰੀਕਲਚਰ ਨਾਲ ਸਬੰਧਤ ਕੋਰਸਾਂ) ਦਾਖਲਿਆਂ ਦੀ ਪ੍ਰਵਾਨਗੀ ਹੋਵੇਗੀ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਾਲਜਾਂ ਵਲੋਂ ਬਿਨਾਂ ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰ ਐਜੂਕੇਸ਼ਨ ਦੀ ਪ੍ਰਵਾਨਗੀ ਅਤੇ ਯੂਨੀਵਰਸਿਟੀ ਦੀ ਪ੍ਰਵਾਨਗੀ ਦੇ ਬਿਨਾਂ ਐਗਰੀਕਲਚਰ ਕੋਰਸਾਂ ਵਿਚ ਦਾਖਲੇ ਕੀਤੇ ਜਾਂਦੇ ਹਨ ਅਤੇ ਪ੍ਰਵਾਨਗੀ ਨਾ ਹੋਣ ਕਾਰਨ ਵਿਦਿਆਰਥੀਆਂ ਨੂੰ ਇਸ ਕੋਰਸ ਨਾਲ ਸਬੰਧਤ ਭਵਿੱਖ ਵਿਚ ਜੇਕਰ ਕੋਈ ਲੀਗਲ ਅੜਚਣ/ਸਮੱਸਿਆ ਪੇਸ਼ ਆਉਂਦੀ ਹੈ ਤਾਂ ਇਸਦੀ ਸਾਰੀ ਜਿੰਮੇਵਾਰੀ ਕਾਲਜ ਮੈਨੇਜਮੈਂਟ/ਪ੍ਰਿੰਸੀਪਲ ਦੀ ਆਪਣੀ ਹੋਵੇਗੀ।

ਸਹਾਇਕ ਰਜਿਸਟਰਾਰ (ਕਾਲਜਾਂ)